# PRESENTATION OF THE INNER LAYERS OF EXISTENTIAL ISSUES OF HUMAN EXISTENCE
## (In reference to Jarnail Singh's collection of stories 'Kale Varke')
# ਮਾਨਵੀ ਹੋਂਦ ਦੇ ਅਸਤਿਤਵੀ ਮਸਲਿਆਂ ਦੀਆਂ ਆਂਤਰਿਕ ਪਰਤਾਂ ਦੀ ਪੇਸ਼ਕਾਰੀ
## (ਜਰਨੈਲ ਸਿੰਘ ਦੇ ਕਹਾਣੀ ਸੰਗ੍ਰਹਿ 'ਕਾਲ਼ੇ ਵਰਕੇ' ਦੇ ਸੰਦਰਭ 'ਚ)

**ਡਾ. ਬੀਰਬਲ ਸਿੰਘ**(Dr. Birbal Singh)
ਸਹਾਇਕ ਪ੍ਰੋਫ਼ੈਸਰ, ਖ਼ਾਲਸਾ ਤ੍ਰੈ-ਸ਼ਤਾਬਦੀ ਸਰਕਾਰੀ ਕਾਲਜ ਰਤੀਆ, ਜ਼ਿਲ੍ਹਾ ਫਤਿਹਾਬਾਦ (ਹਰਿਆਣਾ)
ਮੋਬਾਈਲ : 98965-45965, E-Mail : dr.birbalsingh18@gmail.com

ABSTRACT

*ਜਰਨੈਲ ਸਿੰਘ ਪਰਵਾਸੀ ਪੰਜਾਬੀ ਕਹਾਣੀਧਾਰਾ ਨੂੰ ਨਵੇਂ ਆਯਾਮਾਂ ਨਾਲ ਜੋੜਦਾ ਹੈ। ਇਹ ਕਹਾਣੀਆ ਆਪਣੇ ਅੰਦਰ ਵਿਵਿਧ ਸਰੋਕਾਰਾਂ ਨੂੰ ਸਮੋਈ ਬੈਠੀਆਂ ਹਨ। ਜਰਨੈਲ ਸਿੰਘ ਕਹਾਣੀ ਵਿਚਲੀ ਵਸਤੂ ਤੇ ਘਟਨਾਵਾਂ ਨੂੰ ਨਵੇਂ ਜਾਵੀਏ ਤੋਂ ਪੇਸ਼ ਕਰਦਾ ਹੈ। ਉਸ ਦੀਆਂ ਕਹਾਣੀਆਂ ਮਨੁੱਖ ਦੇ ਹੋਂਦ ਮੂਲਕ ਅਸਤਿਤਵੀ ਸਰੋਕਾਰਾਂ ਨਾਲ ਜੁੜੀਆਂ ਹੋਈਆਂ ਹਨ। ਉਹ ਕਹਾਣੀਆਂ ਦੇ ਸਤਹੀ ਬਿਰਤਾਂਤ ਵਿਚ ਵਿਸ਼ੇਸ਼ ਵਿਅਕਤੀ ਦੀ ਦੁਖਾਂਤਕ ਸਥਿਤੀ ਨੂੰ ਬਿਆਨ ਕਰਦਾ ਹੈ, ਪਰ ਗਹਿਨ ਬਿਰਤਾਂਤ ਪੱਧਰ ਉਤੇ ਜਾ ਕੇ ਇਹ ਵਿਅਕਤੀ ਮਨੁੱਖੀ ਸਮਾਜ ਦੇ ਸਰਬ ਸਾਂਝੇ ਦੁਖਾਂਤ ਤੱਕ ਵਿਗਸਦਾ ਜਾਂਦਾ ਹੈ। ਉਹ ਆਪਣੀ ਗਲ ਸੰਕੇਤਾਂ ਦੇ ਮਾਧਿਅਮ ਰਾਹੀਂ ਕਰਦਾ ਹੈ। ਪਰ ਫਿਰ ਵੀ ਉਹ ਆਪਣੀ ਗੱਲ ਸਹਿਜ ਰੂਪ ਵਿਚ ਕਰ ਜਾਂਦਾ ਹੈ।*

**ਕੀਵਰਡ**: ਜਰਨੈਲ ਸਿੰਘ ਪਰਵਾਸੀ, ਕਹਾਣੀ, ਕਹਾਣੀਕਾਰ, ਪਰਵਾਸ, ਦੁਖਾਂਤ, ਮਨੁੱਖੀ ਹੋਂਦ, ਪੰਜਾਬੀ ਚੇਤਨਾ, ਜੀਵਨ ਯਥਾਰਥ।

ਪਰਵਾਸ ਦਾ ਵਰਤਾਰਾ ਅਜੋਕੀ ਪੰਜਾਬੀ ਮਾਨਸਿਕਤਾ ਦਾ ਇਕ ਅੰਗ ਬਣ ਚੁੱਕਾ ਹੈ। ਪੰਜਾਬੀ ਮਨੁੱਖ ਕਿਸੇ ਵੀ ਕੀਮਤ ਉੱਤੇ ਪੱਛਮੀ ਮੁਲਕਾਂ ਵਿਚ ਪਹੁੰਚਣ ਲਈ ਤਿਆਰ ਹੈ। ਪਰਵਾਸ ਅਤੇ ਪੰਜਾਬੀਆਂ ਦਾ ਆਪਸੀ ਸਬੰਧ ਬਹੁਤ ਗੂੜ੍ਹਾ ਹੈ, ਜੋ ਸਮਾਂ ਅਤੇ ਸਥਿਤੀਆਂ ਤੋਂ ਪ੍ਰਭਾਵਿਤ ਹੁੰਦਾ ਰਿਹਾ ਹੈ। ਪੰਜਾਬੀਆਂ ਦਾ ਰੁਜ਼ਗਾਰ ਅਤੇ ਹੋਰ ਸਹੂਲਤਾਂ ਦੀ ਭਾਲ ਵਿਚ ਦੂਸਰੇ ਮੁਲਕਾਂ ਨੂੰ ਜਾਣਾ ਇਕ ਹੁਸੀਨ ਸੁਪਨਾ ਬਣ ਗਿਆ ਹੈ। ਪੱਛਮੀ ਮੁਲਕਾਂ ਵਿਚ ਪਹੁੰਚਣ ਲਈ ਅਤੇ ਕਈ ਵਾਰ ਪਹੁੰਚਣ ਉਪਰੰਤ ਬਹੁਤ ਸਾਰੀਆਂ ਮੁਸ਼ਕਲਾਂ, ਯਾਤਨਾਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਫਿਰ ਵੀ ਅਜਿਹੀਆਂ ਰੋਕਾਂ ਉਸਦੇ ਵਿਦੇਸ਼ ਜਾਣ ਦੇ ਉਤਸ਼ਾਹ ਨੂੰ ਮੱਠਾ ਨਹੀਂ ਕਰਦੀਆਂ। ਪਰਵਾਸੀ ਹੋਣ ਦੇ ਪਿਛੋਕੜ ਵਿਚ ਪੰਜਾਬੀਆਂ ਦੀ 'ਮਜਬੂਰੀ' ਅਤੇ 'ਸ਼ੌਕ' ਦੋਵੇਂ ਪਹਿਲੂ ਹੀ ਕੇਂਦਰ ਵਿਚ ਵਿਚਰਦੇ ਰਹੇ ਹਨ। ਸਮੇਂ ਅਨੁਸਾਰ ਪਰਵਾਸ ਅਤੇ ਪਰਵਾਸ ਨਾਲ ਸਬੰਧਤ ਸਰੋਕਾਰਾਂ ਦੇ ਅਰਥਾਂ ਵਿਚ ਪਰਿਵਰਤਨ ਹੁੰਦਾ ਜਾ ਰਿਹਾ ਹੈ। ਜਿਉਂ-ਜਿਉਂ ਪਰਵਾਸੀ ਪੱਛਮੀ-ਯੂਰਪੀ ਦੇਸ਼ਾਂ ਵਿਚ ਆਪਣੀਆਂ ਜੜ੍ਹਾਂ ਮਜਬੂਤ ਕਰ ਰਹੇ ਹਨ, ਤਿਉਂ-ਤਿਉਂ ਉਨ੍ਹਾਂ ਨੂੰ ਦਰਪੇਸ਼ ਮਸਲਿਆ ਦਾ ਸਰੂਪ ਵੀ ਬਦਲ ਰਿਹਾ ਹੈ। ਪਰਵਾਸੀ ਪੰਜਾਬੀਆਂ ਨੂੰ ਦਰਪੇਸ਼ ਸਮੱਸਿਆਵਾਂ ਅਤੇ ਬਹੁ-ਭਾਂਤੀ ਅਨੁਭਵਾਂ ਦਾ ਪਰਵਾਸੀ ਪੰਜਾਬੀ ਕਹਾਣੀ ਬੜੀ ਸ਼ਿੱਦਤ ਨਾਲ ਬਿਆਨ ਕਰਦੀ ਹੈ।

ਪਰਵਾਸੀ ਪੰਜਾਬੀ ਕਹਾਣੀ ਸਿਰਜਣਾ ਦਾ ਕਾਰਜ ਬਹੁਤ ਸਾਰੇ ਦੇਸ਼ਾਂ ਦੇ ਪੰਜਾਬੀ ਕਹਾਣੀਕਾਰ ਕਰ ਰਹੇ ਹਨ। ਪਹਿਲਾਂ ਪਹਿਲ ਪਰਵਾਸੀ ਪੰਜਾਬੀ ਇੰਗਲੈਂਡ ਵਿਚ ਵਸੇ ਹੋਣ ਕਾਰਨ ਪਰਵਾਸੀ ਕਹਾਣੀ ਦਾ ਆਰੰਭ ਇਸੇ ਮੁਲਕ ਤੋਂ ਹੁੰਦਾ ਹੈ। ਬਾਅਦ ਵਿਚ ਅਮਰੀਕਾ, ਕੈਨੇਡਾ ਆਦਿ ਮੁਲਕਾਂ ਵਿਚ ਵੀ ਪਰਵਾਸੀ ਪੰਜਾਬੀ ਕਹਾਣੀ ਦੀ ਸਿਰਜਣਾ ਹੋਣ ਲੱਗੀ। ਸਮੇਂ ਦੇ ਬੀਤਣ ਨਾਲ ਪਰਵਾਸੀ ਪੰਜਾਬੀ ਕਹਾਣੀ ਦਾ ਫੈਲਾਉ ਬਰਤਾਨੀਆਂ ਤੋਂ ਇਲਾਵਾ ਹੋਰ ਦੇਸ਼ਾਂ ਵਿਚ ਹੁੰਦਾ ਹੈ, ਤਾਂ ਨਾਲ-ਨਾਲ ਇਸ ਕਹਾਣੀ ਦਾ ਕਥਾ ਵਸਤੂ ਵੀ ਵਡੇਰਾ ਪ੍ਰਸੰਗ ਗ੍ਰਹਿਣ ਕਰਦਾ ਹੈ। ਪਰਵਾਸੀ ਪੰਜਾਬੀਆਂ ਦੇ ਜੀਵਨ ਸਰੋਕਾਰਾਂ ਦੀ ਪੰਜਾਬੀ ਕਹਾਣੀ ਵਿਚ ਕੀਤੀ ਪੇਸ਼ਕਾਰੀ ਪੰਜਾਬੀ ਸਾਹਿਤ ਦੇ ਵਿਸ਼ਿਆਂ ਨੂੰ ਵਿਭਿੰਨਤਾ ਅਤੇ ਤਾਜ਼ਗੀ ਹੀ ਪ੍ਰਦਾਨ ਨਹੀਂ ਕਰਦੀ ਸਗੋਂ ਇਸ ਦੀਆਂ ਸੀਮਾਵਾਂ ਨੂੰ ਵੀ ਮੋਕਲਾ ਕਰਦੀ ਹੈ।

ਪਰਵਾਸੀ ਪੰਜਾਬੀ ਕਹਾਣੀ ਵਿਚ ਜਰਨੈਲ ਸਿੰਘ ਦਾ ਨਾਂ ਬੜਾ ਮਹੱਤਵਪੂਰਨ ਹੈ। ਜਰਨੈਲ ਸਿੰਘ ਇਕ ਚਿੰਤਕ ਕਹਾਣੀਕਾਰ ਹੈ ਅਤੇ ਉਸ ਦੀਆਂ ਕਹਾਣੀਆਂ ਬੌਧਿਕ, ਗੰਭੀਰ ਅਤੇ ਚਿੰਤਨਸ਼ੀਲ ਪਾਠਕ ਦੀ ਮੰਗ ਕਰਦੀਆਂ ਹਨ। ਜਰਨੈਲ ਸਿੰਘ ਦਾ ਪੰਜਾਬੀ ਕਹਾਣੀ ਦਾ ਸਾਹਿਤਕ ਸਫ਼ਰ '**ਮੈਨੂੰ ਕੀ**' ਕਹਾਣੀ ਸੰਗ੍ਰਿਹ ਤੋਂ ਸ਼ੁਰੂ ਹੁੰਦਾ ਹੈ ਅਤੇ ਇਸ ਉਪਰੰਤ ਉਸ ਦੇ '**ਮਨੁੱਖ ਤੇ ਮਨੁੱਖ**', '**ਸਮੇਂ ਦੇ ਹਾਣੀ**', '**ਦੋ ਟਾਪੂ**', '**ਟਾਵਰਜ਼**' ਅਤੇ '**ਕਾਲ਼ੇ ਪਾਣੀ**' ਕਹਾਣੀ ਸੰਗ੍ਰਿਹ ਪ੍ਰਕਾਸ਼ਿਤ ਹੁੰਦੇ ਹਨ। ਜਰਨੈਲ ਸਿੰਘ ਦੇ ਵਸਤੂ ਅਨੁਭਵ, ਸਿਰਜਣ ਸਮਰਥਾ ਅਤੇ ਕਥਾ ਸਿਰਜਣ ਦੇ ਨਿਵੇਕਲੇ ਅੰਦਾਜ ਕਾਰਨ ਉਸਦਾ ਨਾਮ ਪੰਜਾਬੀ ਕਹਾਣੀ ਦੇ ਸਮਰਥ, ਸਥਾਪਿਤ ਤੇ ਕਲਾ ਸੰਪਨ ਕਹਾਣੀਕਾਰਾਂ ਵਿਚ ਸ਼ੁਮਾਰ ਕੀਤਾ ਜਾਂਦਾ ਹੈ।

ਪਰਵਾਸੀ ਪੰਜਾਬੀ ਕਹਾਣੀ ਬਹੁਤ ਦੇਰ ਤੱਕ ਪੰਜਾਬੀ ਪਰਵਾਸ ਦੀਆਂ ਮੁਸ਼ਕਲਾਂ, ਘਾਟਿਆਂ ਅਤੇ ਉਦਰੇਵਿਆਂ ਦੀ ਬਾਤ ਪਾਉਂਦੀ ਰਹੀ ਹੈ। ਪਰਵਾਸੀ ਪੰਜਾਬੀ ਕਹਾਣੀ ਦੇ ਮੂਲ ਮੁੱਦੇ ਨਸਲਵਾਦ, ਭੂ-ਹੇਰਵਾ, ਸਭਿਆਚਾਰਕ-ਟਕਰਾਉ, ਦੇਸ਼ ਵਾਪਸ ਨਾ ਪਰਤ ਸਕਣ ਦੀ ਮਜਬੂਰੀ, ਓਪਰੇ ਸਭਿਆਚਾਰ ਵਿਚ ਖੁਰ ਰਹੀਆਂ ਮੂਲ ਪੰਜਾਬੀ ਕੀਮਤਾਂ, ਪੰਜਾਬੀਆਂ ਦੁਆਰਾ ਪੰਜਾਬੀਆਂ ਦੀ ਲੁੱਟ-ਖਸੁੱਟ, ਜਾਅਲੀ ਪਰਵਾਸ ਕਰ ਗਏ ਵਿਅਕਤੀਆਂ ਦੀਆਂ ਮਜਬੂਰੀਆਂ, ਪੰਜਾਬੀ ਬੰਦੇ ਦੀ ਸ਼ਨਾਖਤ ਦਾ ਮਸਲਾ, ਪੀੜ੍ਹੀ-ਪਾੜਾ ਤੇ ਸਭਿਆਚਾਰਕ ਪਾੜਾ, ਔਰਤ ਦੀ ਆਰਥਿਕ ਆਜ਼ਾਦੀ ਅਤੇ ਅਸਤਿਤਵ ਦਾ ਮਸਲਾ, ਪਰਿਵਾਰਕ ਸਬੰਧਾਂ ਖਾਸ ਕਰ ਪਤੀ-ਪਤਨੀ ਸਬੰਧਾਂ ਵਿਚ ਆ ਰਹੀ ਤਰੇੜ ਆਦਿ ਰਹੇ ਹਨ। ਪਰਵਾਸ ਦੀਆਂ ਸਮੱਸਿਆਵਾਂ ਹਰ ਕਾਲ ਵਿਚ ਭਿੰਨ ਹੋ ਰਹੀਆਂ ਹਨ, ਜੋ ਸਮੱਸਿਆਵਾਂ ਪਹਿਲੀ ਪੀੜ੍ਹੀ ਨੂੰ ਹੰਡਾਉਣੀਆਂ ਪਈਆਂ ਹਨ, ਉਹ ਭਾਵੇਂ ਹੁਣ ਉਹੋ ਜਿਹੀਆਂ ਨਹੀਂ ਰਹੀਆਂ, ਪਰ ਉਨ੍ਹਾਂ ਸਮੱਸਿਆਵਾਂ ਦਾ ਚਰਿੱਤਰ ਬਦਲ ਗਿਆ ਹੈ। ਜਰਨੈਲ ਸਿੰਘ ਦੇ ਕਹਾਣੀ

ਸੰਗ੍ਰਹਿ 'ਕਾਲ਼ੇ ਵਰਕੇ' ਵਿਚ ਦਰਜ ਕਹਾਣੀਆਂ ਦਾ ਵਿਸ਼ਾ ਪਰਵਾਸੀ ਪੰਜਾਬੀਆਂ ਦੇ ਅੰਤਰ-ਦਵੰਦ ਦੀ ਪੇਸ਼ਕਾਰੀ ਨਾਲ ਜੁੜਿਆ ਹੋਇਆ ਹੈ। ਉਸ ਦੀਆਂ ਕਹਾਣੀਆਂ ਦੇ ਵਿਸ਼ਾ ਵਸਤੂ ਪ੍ਰਚਲਿਤ ਮੁੱਦਿਆ ਤੋਂ ਹਟ ਕੇ ਅੱਗੇ ਦੀ ਬਾਤ ਪਾਉਂਦੇ ਹਨ। ਜਰਨੈਲ ਸਿੰਘ ਪਰਵਾਸੀ ਪੰਜਾਬੀਆਂ ਦੇ ਹੋਂਦ ਮੂਲਕ ਅਸਤਿਤਵੀ ਮਸਲਿਆਂ ਦੇ ਸੰਕਲਪ ਤੇ ਸੰਦਰਭਾਂ ਦੀ ਪੇਸ਼ਕਾਰੀ ਨਵੇਂ ਢੰਗ ਨਾਲ ਕਰਦਾ ਹੈ। ਉਹ ਇਕੋ ਵੇਲੇ ਪੰਜਾਬੀ ਚੇਤਨਾ, ਪਰਵਾਸ ਅਤੇ ਪਰਵਾਸੀ ਜੀਵਨ ਯਥਾਰਥ ਦੇ ਅਨੁਭਵਾਂ ਨੂੰ ਅਜੋਕੇ ਵਿਸ਼ਵ ਸਮਾਚਾਰਾਂ ਦੇ ਪ੍ਰਸੰਗ ਨਾਲ ਜੋੜ ਕੇ ਪੇਸ਼ ਕਰਦਾ ਹੈ।

ਜਰਨੈਲ ਸਿੰਘ ਦੇ ਕਹਾਣੀ ਸੰਗ੍ਰਹਿ 'ਕਾਲ਼ੇ ਵਰਕੇ' ਦੀ ਪਹਿਲੀ ਕਹਾਣੀ 'ਹੜ੍ਹ' ਹੈ। ਇਸ ਕਹਾਣੀਦਾ ਕੇਂਦਰੀ ਚਿਹਨ ਇਸ ਕਹਾਣੀ ਦਾ ਸਿਰਲੇਖ ਹੈ। ਇਥੇ ਕਹਾਣੀ ਦਾ ਸਿਰਲੇਖ 'ਹੜ੍ਹ' ਸਿਰਫ਼ ਪਾਣੀ ਦਾ ਉਹ ਹੜ੍ਹ ਨਹੀਂ ਜਿਸਦੇ ਪ੍ਰਭਾਵ ਸਦਕਾ ਕਿਸੇ ਖਾਸ਼ ਇਲਾਕੇ ਵਿਚ ਜਾਨ-ਮਾਲ ਦੀ ਹਾਨੀ ਹੁੰਦੀ ਹੈ, ਬਲਕਿ ਇਥੇ ਹੜ੍ਹ ਉਨ੍ਹਾਂ ਵੱਖ-ਵੱਖ ਪ੍ਰਤੀਕਾਂ ਜਾਂ ਸੰਕੇਤਾਂ ਦੇ ਰੂਪ ਵਿਚ ਸਾਕਾਰ ਹੁੰਦਾ ਹੈ ਜਿਨ੍ਹਾਂ ਕਾਰਨ ਸੰਪੂਰਨ ਮਾਨਵੀ ਹੋਂਦ ਦੇ ਅਸਤਿਤਵ ਲਈ ਤਬਾਹਕੁਨ ਸਥਿਤੀਆਂ ਪੈਦਾ ਹੋ ਰਹੀਆਂ ਹਨ। ਜਦੋਂ ਕੋਈ ਵਿਅਕਤੀ ਆਪਣਾ ਮੁਲਕ ਛੱਡ ਕੇ ਪਰਦੇਸਾਂ ਵਿਚ ਵਸਣ ਦਾ ਫੈਸਲਾ ਕਰਦਾ ਹੈ ਤਾਂ ਉਸਦੇ ਫੈਸਲੇ ਦੇ ਪਿਛੋਕੜ ਵਿਚ ਕਈ ਕਾਰਨ ਕਾਰਜ਼ਸੀਲ ਹੁੰਦੇ ਹਨ। ਸਭ ਤੋਂ ਵੱਡਾ ਤੇ ਅਹਿਮ ਕਾਰਨ ਆਰਥਿਕਤਾ ਮੰਨਿਆ ਜਾਂਦਾ ਹੈ। ਆਪਣੀ ਆਰਥਿਕਤਾ ਸੁਧਾਰਨ ਲਈ ਲੋਕ ਹਰ ਹੀਲਾ, ਹਰ ਹਰਬਾ ਵਰਤਦੇ ਹਨ। ਪਰੰਤੂ ਆਰਥਿਕਤਾ ਸੁਧਾਰਨ ਦੀ ਘੁੰਮਣਘੇਰੀ 'ਚ ਫਸਿਆ ਵਿਅਕਤੀ ਜਦੋਂ ਆਪਣੀ ਲੋੜ ਨੂੰ 'ਲਾਲਸਾ' ਬਣਾ ਲੈਂਦਾ ਹੈ ਤਾਂ ਉਸਦੀ ਇਹ 'ਲਾਲਸਾ' ਹੌਲੀ-ਹੌਲੀ 'ਲਾਲਚ' ਦਾ ਰੂਪ ਧਾਰਨ ਕਰ ਜਾਂਦੀ ਹੈ। 'ਲਾਲਚ' ਦਾ ਇਹ ਹੜ੍ਹ ਮਨੁੱਖੀ ਜਿੰਦਗੀ ਦੀ ਰਵ੍ਹਾਂਦਾਰੀ ਨੂੰ ਤਬਾਹ ਕਰ ਰਿਹਾ ਹੈ। ਇਕ ਦੂਜੇ ਤੋਂ ਅੱਗੇ ਲੰਘਣ ਦੀ ਦੌੜ ਨੇ ਕਿਸੇ ਇਕ ਵਿਅਕਤੀ ਨੂੰ ਨਹੀਂ ਸਗੋਂ ਪੂਰੇ ਮੁਆਸ਼ਰੇ ਨੂੰ ਹੀ ਆਪਣੀ ਗਰਿਫ਼ਤ ਵਿਚ ਲਿਆ ਹੋਇਆ ਹੈ। ਸਾਰੇ ਹੀ ਲੋਕ ਕਿਸੇ ਨਾ ਕਿਸੇ ਰੂਪ ਵਿਚ ਇਸ ਦੌੜ 'ਚ ਭਾਗੀਦਾਰ ਹਨ। ਮਿਹਨਤ ਮੁਸ਼ਕੱਤ ਕਰਕੇ ਜੀਵਨ ਬਸਰ ਕਰਨ ਵਾਲੇ ਲੋਕਾਂ ਤੋਂ ਲੈ ਕੇ ਮੁਲਕਾਂ ਦੀਆਂ ਸਰਕਾਰਾਂ ਤੱਕ ਅਜਿਹੀ ਦੌੜ ਵਿਚ ਸ਼ਾਮਲ ਹਨ।

ਕਹਾਣੀ ਵਿਚ 'ਹਰੀਕੇਨ' ਨਾਂ ਦਾ ਹੜ੍ਹ ਭਾਰੀ ਤਬਾਹੀ ਕਰ ਰਿਹਾ ਹੈ, ਜਿਸ ਵਿਚ ਜਿਆਦਾ ਨੁਕਸਾਨ ਕਾਲ਼ੇ ਲੋਕਾਂ ਦਾ ਹੋ ਰਿਹਾ ਹੈ। ਸਰਕਾਰ ਵਲੋਂ ਲੋਕਾਂ ਦੀ ਮਦਦ ਲਈ ਕੋਈ ਉਚਿੱਤ ਕਦਮ ਨਹੀਂ ਉਠਾਏ ਜਾ ਰਹੇ। ਸਰਕਾਰ ਦਾ ਧਿਆਨ ਮਾਰੂ ਅਤੇ ਵੱਡੇ-ਵੱਡੇ ਹਥਿਆਰ ਬਣਾ ਕੇ ਦੁਨੀਆਂ ਦੀ 'ਸੁਪਰੀਮ ਪਾਵਰ' ਬਣੇ ਰਹਿਣ ਵੱਲ ਜਿਆਦਾ ਹੈ। ਇਸੇ ਤਰ੍ਹਾਂ ਮੁਨਾਫ਼ਾਖੋਰੀ ਦੇ ਹੜ੍ਹ 'ਚ ਡੁੱਬੀਆਂ ਤੇਲ ਕੰਪਨੀਆਂ ਧਰਤੀ ਨੂੰ ਖੋਖਲਾ ਕਰਨ 'ਤੇ ਡੁੱਬੀਆਂ ਹੋਈਆਂ ਹਨ। ਵਪਾਰਕ ਅਦਾਰਿਆਂ ਨੇ ਵਿਸ਼ਵ ਮੰਡੀ ਵਿਚ ਰੋਜ਼ਮਰਾ ਦੀ ਜਿੰਦਗੀ 'ਚ ਵਰਤੋਂ ਵਿਹਾਰ ਵਾਲੀਆਂ ਚੀਜਾਂ ਦਾ ਹੜ੍ਹ ਵਗਾ ਦਿੱਤਾ ਹੈ। ਘਰ ਅੰਦਰ ਇਹਨਾਂ ਚੀਜਾਂ ਦੀ ਵੱਧ ਤੋਂ ਵੱਧ ਹੋਂਦ ਤੋਂ ਹੀ ਵਿਅਕਤੀ ਦੇ ਸਟੇਟਸ ਦਾ ਅੰਦਾਜਾ ਲਗਾਇਆ ਜਾਂਦਾ ਹੈ। ਇਸ ਕਰਕੇ ਮਨੁੱਖ ਦੀ ਇਨ੍ਹਾਂ ਚੀਜਾਂ ਪ੍ਰਤੀ ਭੁੱਖ ਹੜ੍ਹ ਵਾਗ ਅੱਗੇ ਦੀ ਅੱਗੇ ਵਧਦੀ ਜਾਂਦੀ ਹੈ। ਕਹਾਣੀ ਵਿਚਲਾ ਪਾਤਰ ਸੁਖਪਾਲ ਅਤੇ ਉਸਦੀ ਪਤਨੀ ਐਰਿਕਾ ਦੋਵੇਂ ਮਿਲਕੇ ਸੰਘਰਸ਼ ਕਰਦੇ ਹਨ। ਉਹ ਆਪਣੇ ਘਰ ਨੂੰ ਵਧੀਆਂ ਢੰਗ ਨਾਲ ਸਥਾਪਤ ਕਰ ਲੈਂਦੇ ਹਨ। ਪਰੰਤੂ ਇਸ ਦੇ ਬਾਵਜੂਦ ਵੀ ਸੁਖਪਾਲ ਦੀਆਂ ਪਿਛਲੇ ਪਰਿਵਾਰ ਦੀਆਂ ਜਿੰਮੇਵਾਰੀਆਂ ਨਿਭਾਉਣ ਦੇ ਚੱਕਰ ਵਿਚ ਜਦੋਂ ਐਰਿਕਾ ਨੂੰ ਆਪਣੀਆਂ ਇਛਾਵਾਂ ਦੀ ਪੂਰਤੀ ਨਹੀਂ ਹੁੰਦੀ ਲਗਦੀ ਤਾਂ ਉਹ ਸੁਖਪਾਲ ਉੱਤੇ ਭੜਕ ਉਠਦੀ ਹੈ।

*''ਉਹ ਆਪਣੀ ਬਿਜ਼ਨਿਸ ਦੀ ਸ਼ੁਰੂਆਤ ਸੀ। ਸੰਘਰਸ਼ ਜਰੂਰੀ ਸੀ। ਹੁਣ ਜਦੋਂ ਆਪਾਂ ਐਸਟੈਬਲਿਸ਼ ਹੋ ਗਏ ਹਾਂ ਤੇ ਸਾਡਾ ਰਿਲੈਕਸ ਕਰਨ ਦਾ ਸਮਾਂ ਆਇਆ, ਤੂੰ ਹੋਰਨਾਂ ਦਾ ਬੋਝ ਸਿਰ 'ਤੇ ਚੁੱਕ ਲਿਐ।''* [1]

ਸੁਖਪਾਲ ਦੀ ਵਧ ਤੋਂ ਵਧ ਪੈਸਾ ਕਮਾਉਣ ਦੀ ਲਾਲਸਾ ਉਸਦੇ ਵਸੇ ਵਸਾਏ ਘਰ ਨੂੰ ਬਰਬਾਦ ਕਰ ਦਿੰਦੀ ਹੈ। ਇਕੱਲਤਾ ਅਤੇ ਨੀਰਸਤਾ ਭਰਿਆ ਜੀਵਨ ਮਹਿਸੂਸ ਕਰਦੀ ਐਰਿਕਾ, ਜੈਫ਼ਰੀ ਪ੍ਰਤੀ ਆਕਰਸ਼ਿਤ ਹੋ ਜਾਂਦੀ ਹੈ ਜਿਸ ਦਾ ਖਾਮਿਆਜ਼ਾ ਉਨ੍ਹਾਂ ਨੂੰ ਆਪਣਾ ਪੁੱਤਰ ਜੈਕਜੀਤ ਗੁਆ ਕੇ ਭੁਗਤਣਾ ਪੈਂਦਾ ਹੈ। ਜਦੋਂ ਸੁਖਪਾਲ ਇਸ ਸਭ ਦਾ ਦੋਸ਼ ਐਰਿਕਾ ਉਪਰ ਲਗਾਉਂਦਾ ਹੈ ਤਾਂ ਉਹ ਮੋੜਵਾਂ ਜਵਾਬ ਦਿੰਦੀ ਹੈ।

*''ਤੂੰ ਸਾਰਾ ਦੋਸ਼ ਮੈਨੂੰ ਦੇਈ ਜਾਨੈ, ਆਪਣੇ ਅੰਦਰ ਝਾਤੀ ਨਹੀਂ ਮਾਰ ਰਿਹਾ ........... ਤੇਰੀਆਂ ਨਾਂ ਮੁੱਕਣ ਵਾਲੀਆਂ ਸਕੀਮਾਂ ਦਾ ਹਸ਼ਰ ਹੈ ਇਹ।ਡਾਲਰਾਂ ਦੀ ਅੰਨੀ ਦੌੜ 'ਚ ਪੈ ਕੇ ਜੇਤੂੰ ਮੈਨੂੰ ਇਕੱਲੀ ਨਾ ਛਡਦਾ ਤਾਂ ਇਹ ਦੁਖਾਂਤ ਨਹੀਂ ਸੀ ਵਾਪਰਨਾ..........* [2]

ਪਰਵਾਸੀ ਪੰਜਾਬੀਆਂ ਨਾਲ ਵਾਪਰਦੀ ਇਸ ਹੋਣੀ ਪਿੱਛੇ ਉਨ੍ਹਾਂ ਦੇ ਪੰਜਾਬ ਵਸਦੇ ਪਿਛਲੇ ਪਰਿਵਾਰਾਂ ਦਾ ਵੀ ਹੱਥ ਹੈ। ਉਹ ਫੋਕੀਆਂ ਸ਼ਾਨਾਂ ਅਤੇ ਦਿਖਾਵੇ ਦੇ ਹੜ੍ਹ 'ਚ ਰੁੜ੍ਹਕੇ ਖੁਸ਼ੀ-ਗਮੀ ਦੇ ਮੌਕਿਆਂ 'ਤੇ ਵਿਤੋਂ ਵਧ ਖਰਚ ਕਰਦੇ ਹਨ ਜਿਸਦੇ ਸਿੱਟੇ ਵਜੋਂ ਉਨ੍ਹਾਂ ਦੇ ਵਿਦੇਸ਼ਾਂ 'ਚ ਵਸਦੇ ਪੁੱਤਰਾਂ ਦੀ ਪਰਿਵਾਰਕ ਜਿੰਦਗੀ ਨਰਕ ਬਣ ਜਾਂਦੀ ਹੈ।

ਕਹਾਣੀ ਸੰਗ੍ਰਹਿ ਦੀ ਦੂਸਰੀ ਕਹਾਣੀ 'ਕਾਲ਼ੇ ਵਰਕੇ' ਹੈ। ਕਹਾਣੀ ਵਿਚ ਜਰਨੈਲ ਸਿੰਘ ਨੇ ਨਸਲੀ ਵਿਤਕਰੇ ਦੀ ਸਮੱਸਿਆ ਨੂੰ ਇਕ ਨਵੇਂ ਪਰਿਪੇਖ ਵਿਚ ਪ੍ਰਗਟ ਕੀਤਾ ਹੈ। ਨਸਲਵਾਦ ਕੌਮਾਂ ਨੂੰ ਇਕ ਦੂਜੇ ਦੀ ਸਰੀਰਕ ਦਿੱਖ ਤੋਂ ਨਿਖੇੜਦਾ ਹੈ, ਉਨ੍ਹਾਂ ਦੇ ਇਤਿਹਾਸ ਤੋਂ ਨਹੀਂ। ਵਿਗਿਆਨਕ ਪਾਸਾਰ ਹੋਣ ਦੇ ਬਾਵਜੂਦ ਅੱਜ ਵੀ ਇਹੀ ਵਰਗੀਕਰਨ ਪ੍ਰਚਲਿੱਤ ਹੈ। ਨਸਲਵਾਦ ਇਕ ਯਥਾਰਥਕ ਵਰਤਾਰਾ ਸੀ, ਜੋ ਆਰਥਕ, ਰਾਜਨੀਤਕ ਤੇ ਵਿਚਾਰਧਾਰਕ ਰੂਪ ਵਿਚ ਕੰਮ ਕਰ ਰਿਹਾ ਸੀ। ਨਸਲੀ ਵਿਤਕਰੇ ਦੀ ਛਾਪ ਵਿਦੇਸ਼ਾਂ ਵਿਚ ਹਰ ਥਾਂ 'ਤੇ ਹੈ ਜਿਵੇਂ ਨੌਕਰੀਆਂ, ਰਿਹਾਇਸ਼, ਸਮਾਜਕ ਸੇਵਾਵਾਂ ਦੇ ਖੇਤਰ ਵਿਚ ਬਹੁਤ ਸਾਰੇ ਪਰਵਾਸੀ ਕਹਾਣੀਕਾਰਾਂ ਨੇ ਨਸਲਵਾਦ ਦੇ ਪ੍ਰਭਾਵ ਅਧੀਨ ਕਹਾਣੀਆਂ ਲਿਖੀਆਂ ਹਨ, ਪਰੰਤੂ ਜਰਨੈਲ ਸਿੰਘ 'ਕਾਲ਼ੇ ਵਰਕੇ' ਕਹਾਣੀ ਵਿਚ ਨਸਲੀ ਵਿਤਕਰੇ ਦਾ ਵੱਖਰੀ ਸੁਰ ਵਾਲਾ ਬਿੰਬ ਸਿਰਜਦਾ ਹੈ। ਉਹ ਕਹਾਣੀ ਵਿਚ ਇਤਿਹਾਸ ਦੇ ਉਨ੍ਹਾਂ ਕਾਲ਼ੇ ਵਰਕਿਆਂ ਦੀਆਂ ਪਰਤਾਂ ਖੋਹਲਦਾ ਹੈ ਜਿਨ੍ਹਾਂ ਰਾਹੀਂ ਕੈਨੇਡਾ ਦੇ ਮੂਲ ਵਾਸੀਆਂ ਨਾਲ ਗੋਰੇ

ਬਸਤੀਵਾਦੀਆਂ ਵਲੋਂ ਕੀਤੇ ਅਣਮਨੁੱਖੀ ਵਿਹਾਰ ਦੀ ਉਹ ਤਸਵੀਰ ਪੇਸ਼ ਹੁੰਦੀ ਹੈ ਜਿਸਨੂੰ ਵੇਖਕੇ ਸਮੁੱਚੀ ਮਾਨਵ ਜਾਤੀ ਸ਼ਰਮਸ਼ਾਰ ਹੋ ਜਾਂਦੀ ਹੈ। ਆਪਣੇ-ਆਪ ਨੂੰ ਵਿਕਸਤ ਅਖਵਾਉਣ ਵਾਲੇ ਦੇਸ਼ਾਂ ਵਿਚ ਲੋਕਾਂ ਨਾਲ ਹੁੰਦੇ ਅਜਿਹੇ ਜਬਰ-ਜ਼ਿਨਾਹ ਮਾਨਵੀ ਹੋਂਦ ਦੇ ਅਸਤਿਤਵ ਉਪਰ ਸਵਾਲੀਆ ਨਿਸ਼ਾਨ ਲਗਾਉਂਦੇ ਹਨ।

ਕਹਾਣੀ ਦਾ ਪਾਤਰ ਮਾਈਕਲ ਆਪਣੇ ਕਾਉਂਸਲਰ ਗੁਰਬਾਜ਼ ਸਿੰਘ ਸਹੋਤਾ ਅੱਗੇ ਕੈਨੇਡਾ ਦੇ ਇੰਡੀਅਨ ਰੈਜ਼ਿਡੈਂਸ਼ੀਅਲ ਸਕੂਲਾਂ ਵਿਚ ਵਿਦਿਆਰਥੀਆਂ ਨਾਲ ਹੁੰਦੇ ਗੈਰ-ਮਨੁੱਖੀ ਵਿਹਾਰ ਦੀ ਦੁਖਾਂਤਕ ਗਾਥਾ ਨੂੰ ਪਰਤ ਦਰ ਪਰਤ ਖੋਲ੍ਹਦਾ ਹੈ। ਉਹ ਆਪਣੇ ਅਧਿਆਪਕ ਬਰੱਦਰ ਅਲਬਰਟ ਦੁਆਰਾ ਉਸ ਨੂੰ ਹਵਸ ਦਾ ਸ਼ਿਕਾਰ ਬਣਾਉਣ ਵਾਲੀ ਗੱਲ ਕਬੂਲ ਕਰਦਾ ਹੈ ਅਤੇ ਆਪਣੀ ਭੈਣ ਰੋਜ਼ੈਨ ਦਾ ਸਕੂਲ ਦੇ ਪ੍ਰਿੰਸੀਪਲ ਦੁਆਰਾ ਕੀਤੇ ਜਿਨਸੀ-ਸੋਸ਼ਣ ਦੀ ਗੱਲ ਵੀ ਨਸ਼ਰ ਕਰਦਾ ਹੈ। ਉਸਦੀ ਪ੍ਰੇਮਿਕਾ ਕੈਲਰਾ ਨਾਲ ਵੀ ਪ੍ਰਿੰਸੀਪਲ ਨੇ ਜਬਰਦਸਤੀ ਕਰਨ ਦੀ ਨਾਕਾਮ ਕੋਸ਼ਿਸ਼ ਕੀਤੀ ।ਸਕੂਲ ਵਿਚ ਹੋਈਆਂ ਇਨ੍ਹਾਂ ਬੇਇਨਸਾਫੀਆਂ, ਬਦਸਲੂਕੀਆਂ ਅਤੇ ਹੇਠੀਆਂ ਕਾਰਨ ਮਾਈਕਲ ਦਾ ਪਰਿਵਾਰਕ ਜੀਵਨ ਤਬਾਹ ਹੋ ਜਾਂਦਾ ਹੈ। ਉਸਦੀ ਭੈਣ ਰੋਜ਼ੈਨ ਇਨ੍ਹਾਂ ਦੁੱਖਾਂ ਦੀ ਸਤਾਈ ਆਤਮਹੱਤਿਆ ਕਰ ਲੈਂਦੀ ਹੈ। ਇਸ ਸਦਮੇ ਨਾਲ ਉਸਦੀ ਮਾਂ ਦਾ ਦਿਮਾਗ ਹਿੱਲ ਜਾਂਦਾ ਹੈ। ਆਪਣੇ ਨਾਲ ਹੋਈ ਜਲਾਲਤ ਕਾਰਨ ਹੀਣ ਭਾਵਨਾ ਦਾ ਸ਼ਿਕਾਰ ਹੋਇਆ ਮਾਈਕਲ ਕੈਲਰਾ ਨੂੰ ਵੀ ਗੁਆ ਬੈਠਦਾ ਹੈ। ਸਕੂਲੀ ਸਮੇਂ ਹੋਏ ਅਣਮਨੁੱਖੀ ਵਿਹਾਰ ਦਾ ਸੰਤਾਪ ਭੋਗਦਾ ਮਾਈਕਲ ਆਪਣੀ ਮਿਟ ਚੁੱਕੀ ਹੋਂਦ ਹਸਤੀ ਦਾ ਅਹਿਸਾਸ ਪੂਰੀ ਜਿੰਦਗੀ ਕਰਦਾ ਹੈ।

*''ਉਹ ਰਾਤ ਤੇ ਉਸ ਤੋਂ ਅਗਲੀਆਂ ਕਈ ਰਾਤਾਂ ਮੈਂ ਸੌਂ ਨਾ ਸਕਿਆ। ਮਲੀਨਤਾ ਦੇ ਅਹਿਸਾਸ ਵਿਚ ਮੈਨੂੰ ਸਵੈ ਤੋਂ ਬਦਬੂ ਆ ਰਹੀ ਸੀ....ਸਾਹ ਚੱਲ ਰਿਹਾ ਸੀ ਪਰ ਮੈਂ ਆਪਣੇ ਆਪ ਨੂੰ ਮਰ ਗਿਆ ਮਹਿਸੂਸ ਕਰ ਰਿਹਾ ਸਾਂ...... ਢੱਠੇ ਹੋਏ ਮਨ 'ਚ ਇਹ ਗੱਲ ਬੈਠ ਗਈ ਸੀ ਕਿ ਅਸੀਂ ਨੇਟਿਵ ਘਟੀਆ ਲੋਕ ਹਾਂ ਤੇ ਗੋਰੇ ਵਧੀਆ ਅਤੇ ਸ਼ਕਤੀਸ਼ਾਲੀ, ਇਹ ਸਾਡੇ ਨਾਲ ਜੋ ਮਰਜ਼ੀ ਕਰ ਸਕਦੇ ਹਨ..... ਚੜ੍ਹਦੀ ਜਵਾਨੀ ਦੇ ਮੇਰੇ ਉਹ ਦਿਨ ਹੱਸਣ-ਖੇਡਣ ਦੇ ਸਨ ਪਰ ਮੈਂ ਜਿਉਂਦਿਆਂ ਹੀ ਮਰ ਜਾਣ ਦਾ ਸੰਤਾਪ ਭੋਗ ਰਿਹਾ ਸਾਂ।''*[੩]

ਇਹ ਸਭ ਕੁਝ ਇੱਕਲੇ ਮਾਈਕਲ ਨਾਲ ਹੀ ਨਹੀਂ ਵਾਪਰਦਾ ਬਲਕਿ ਇਸ ਤਰ੍ਹਾਂ ਦਾ ਵਿਹਾਰ ਨੇਟਿਵ ਲੋਕਾਂ ਨਾਲ ਆਮ ਹੀ ਕੀਤਾ ਜਾਂਦਾ ਸੀ। ਈਸਾਈ ਧਰਮ ਦੇ ਪ੍ਰਚਾਰ ਦੀ ਆੜ ਹੇਠ ਹੁੰਦੇ ਇਹਨਾਂ ਕਾਲ਼ੇ ਕਰਮਾਂ ਦੇ ਪਾਜ਼ ਮਾਈਕਲ ਦੀ ਮਾਂ ਦੇ ਇਨ੍ਹਾਂ ਬੋਲਾਂ ਤੋਂ ਖੁਲ੍ਹਦੇ ਹਨ।

*''ਮੇਰੀ ਧੀ ਨੂੰ ਬਰਬਾਦ ਕਰਨ ਵਾਲਿਆ ਪ੍ਰਿੰਸੀਪਲਾ ਤੂੰ ਸੱਚਾ-ਸੁੱਚਾ ਈਸਾਈ ਨਹੀਂ, ਰਾਖਸ਼ ਹੈਂ ਰਾਖਸ਼.......।''*[੪]

ਜਰਨੈਲ ਸਿੰਘ ਦੀ ਤੀਸਰੀ ਕਹਾਣੀ 'ਪੱਤਿਆਂ ਨਾਲ ਢਕੇ ਜਿਸਮ' ਹੈ। ਇਹ ਕਹਾਣੀ ਪੂੰਜੀਵਾਦੀ ਸਮਾਜ ਦੇ ਉਸ ਚੱਕਰਵਿਊ ਦੀ ਕਹਾਣੀ ਹੈ ਜਿਸ ਵਿਚ ਆਮ ਵਿਅਕਤੀ ਬੁਰੀ ਤਰ੍ਹਾਂ ਫਸਿਆ ਹੋਇਆ ਹੈ। ਪੂੰਜੀਵਾਦੀ ਵਿਸ਼ਵੀਕਰਨ ਪਿਛਲੇ ਦਹਾਕੇ ਤੋਂ ਮਨੁੱਖੀ-ਅਸਤਿਤਵ ਦਾ ਸਰੂਪ ਬਦਲਣ ਲਈ ਪ੍ਰਯਤਨਸ਼ੀਲ ਹੀ ਨਹੀਂ ਸਗੋਂ ਪੂਰੀ ਤਰ੍ਹਾਂ ਮਨੁੱਖ ਨੂੰ ਆਪਣੇ ਅਨੁਸਾਰੀ ਬਣਾਉਣ 'ਚ ਸਫਲਤਾ ਗ੍ਰਹਿਣ ਕਰ ਰਿਹਾ ਹੈ। ਮਨੁੱਖ ਦੀ ਰਹਿਤਲ-ਬਹਿਤਲ, ਆਦਤਾਂ, ਕਾਰ ਵਿਹਾਰ, ਆਚਰਨ ਕਿਰਦਾਰ, ਸੋਚ 'ਚ ਭਾਰੀ ਰੂਪਾਂਤਰਨ ਨੋਟ ਕੀਤੇ ਗਏ ਹਨ। ਪੁਰਤਾਨ ਮੁੱਲਾਂ ਪ੍ਰਤਿਮਾਨਾਂ ਨੂੰ ਤਿਲਾਂਜਲੀ ਦੇ ਕੇ ਨਵੀਨਤਮ ਮੁੱਲ-ਪ੍ਰਤਿਮਾਨ ਸਥਾਪਤ ਹੋ ਰਹੇ ਹਨ। ਹਰ ਖੇਤਰ 'ਚ ਪੂੰਜੀ ਪ੍ਰਧਾਨ ਹੈ। ਪੂੰਜੀ ਕਾਰਨ ਰਿਸ਼ਤਿਆਂ ਦਾ ਕਰੂਰ ਅਤੇ ਬਰਬਰ ਹੋਣਾ ਸਮਕਾਲੀ ਸੱਚ ਹੈ। ਮਨੁੱਖ ਨਿੱਜਮੁੱਖੀ ਅਤੇ ਅਸਤਿਤਵਮੁੱਖੀ ਕਿਰਦਾਰ ਦਾ ਮਾਲਕ ਬਣ ਚੁੱਕਾ ਹੈ।

ਵਿਸ਼ਵੀਕਰਨ ਨੇ ਹਰ ਵਸਤ ਮੰਡੀ ਤਕ ਸੀਮਤ ਕਰ ਦਿੱਤੀ ਹੈ। ਹਰ ਚੀਜ਼ ਮੰਡੀ ਦਾ ਮਾਲ ਬਣ ਗਈ ਹੈ। ਮੰਡੀ ਦਾ ਪਸਾਰਾ ਸਾਡੇ ਘਰਾਂ ਤੱਕ ਆ ਗਿਆ ਹੈ।ਮੰਡੀ ਸਾਨੂੰ ਨਿਗਲ ਰਹੀ ਹੈ। ਮਰਦ-ਔਰਤ ਮੰਡੀ 'ਤੇ ਨਿਰਭਰ ਹੀ ਨਹੀਂ ਰਹੇ ਸਗੋਂ ਮੰਡੀ ਦੀ ਵਸਤ ਬਣ ਚੁੱਕੇ ਹਨ। 'ਪੱਤਿਆਂ ਨਾਲ ਢਕੇ ਜਿਸਮ' ਕਹਾਣੀ ਔਰਤ ਦੇ ਸਰੀਰ ਦੀ ਨੁਮਾਇਸ਼ ਦੇ ਪੂੰਜੀਵਾਦੀ ਵਰਤਾਰੇ ਦੀ ਚਕਾਚੌਂਧ ਦਾ ਦ੍ਰਿਸ਼ ਪੇਸ਼ ਕਰਦੀ ਹੈ। ਵਿਸ਼ਵੀਕਰਨ ਦੇ ਇਸ ਦੌਰ ਵਿਚ ਸਭ ਆਦਰਸ਼ਾਂ ਨੂੰ ਲਾਂਭੇ ਕਰ ਔਰਤ ਨੂੰ ਮੁਨਾਫੇ ਦੀ ਵਸਤ ਬਣਾ ਦਿੱਤਾ ਗਿਆ ਹੈ। ਆਪਣੇ ਵਪਾਰਕ ਹਿੱਤਾ ਦੀ ਪੂਰਤੀ ਲਈ ਅਜੋਕਾ ਮਨੁੱਖ ਨੈਤਿਕ ਕਦਰਾਂ-ਕੀਮਤਾਂ ਅਤੇ ਮਰਿਆਦਾਵਾਂ ਦੀਆਂ ਧੱਜੀਆਂ ਉਡਾ ਰਿਹਾ ਹੈ।

ਪੂੰਜੀਵਾਦੀ ਚੜ੍ਹਤ ਦੇ ਇਸ ਦੌਰ ਵਿਚ ਕਲਾ ਅਤੇ ਸੁਹਜ ਵਰਗੇ ਪਵਿਤਰ ਕਾਰਜ ਨੂੰ ਵੀ ਬਾਜਾਰ ਅਤੇ ਵਪਾਰ ਨਾਲ ਜੋੜਿਆ ਜਾ ਰਿਹਾ ਹੈ। ਕਲਾ ਗੌਰਵ ਦੇ ਨਾਂ 'ਤੇ ਅਸ਼ਲੀਲਤਾ ਪਰੋਸੀ ਜਾ ਰਹੀ ਹੈ। ਵੱਡੀ ਪੱਧਰ 'ਤੇ ਹੋਣ ਵਾਲੇ ਫੈਸ਼ਨ-ਸ਼ੋਆਂ ਵਿਚ ਔਰਤ ਦੇ ਜਿਸਮਾਂ ਦੀ ਨੁਮਾਇਸ ਲਗਾਈ ਜਾਂਦੀ ਹੈ। ਮਨੀਸ਼ਾ, ਸਿੰਡੀ, ਡੌਮਨਿਕਾ ਅਤੇ ਮਿਸ਼ੈਲ ਵਰਗੀਆਂ ਸਭ ਮਾਡਲਾਂ ਨੂੰ 'ਟਾਪ ਮਾਡਲ' ਬਣਨ ਦਾ ਸੁਪਨਾ ਸਾਕਾਰ ਕਰਨ ਲਈ ਆਪਣਾ ਜਿਸਮ ਮੰਡੀ ਦੀ ਵਸਤ ਬਣਾਉਣਾ ਪੈਂਦਾ ਹੈ। ਲਾਸ ਐਂਜਲਸ ਵਿਚ ਹੋ ਰਹੇ ਫੈਸ਼ਨ-ਸੌਅ, ਜਿਸ ਵਿਚ ਫੈਸ਼ਨ ਇੰਡਸਟਰੀ ਦੀਆਂ ਉੱਘੀਆਂ ਹਸਤੀਆਂ ਨੇ ਸ਼ਿਰਕਤ ਕਰਨੀ ਹੈ, ਲਈ ਕੀਤੇ ਪ੍ਰਬੰਧ ਬਾਰੇ ਵੇਨ ਫਿਲਿਪ ਮਨੀਸ਼ਾ ਨੂੰ ਦੱਸਦਾ ਹੈ।

*''ਇਹ ਫੈਸ਼ਨ-ਸੋਅ ਵੱਖਰੀ ਕਿਸਮ ਦਾ ਹੋਵੇਗਾ, ਫੈਸਨ+ਮਨੋਰੰਜਨ, ਪੁੱਜ ਰਹੀਆਂ ਅਹਿਮ ਸ਼ਖਸੀਅਤਾਂ ਨੂੰ ਖ਼ੁਸ਼ ਕਰਨ ਲਈ ਮਾਡਲਾਂ ਪੋਲ-ਡੈਂਸ ਕਰਨਗੀਆਂ।''*[੫]

ਮਨੀਸ਼ਾ ਦਾ ਪੋਲ-ਡਾਂਸ ਕਰਨ ਤੋਂ ਮਨਾ ਕਰਨ 'ਤੇ ਵੇਨ ਉਸਨੂੰ ਅੰਗਾਂ ਉਪਰ ਇਕ-ਇਕ ਪੱਤਾ ਬੰਨ ਕੇ ਨਗਨ ਡਾਂਸ ਕਰਨ ਲਈ ਕਹਿੰਦਾ ਹੈ। ਵੇਨ ਦੀ ਇਹ ਗੱਲ ਸੁਣਕੇ ਮਨੀਸ਼ਾ ਤਲਖ਼ ਹੋ ਜਾਂਦੀ ਹੈ।

*''ਪੱਤਿਆਂ ਵਾਲੀ ਗੱਲ ਪੌਰਨੋਗਰਾਫੀ ਏ। ਫੈਸ਼ਨ ਕੱਪੜਿਆਂ ਤੇ ਮੇਕਅਪ ਦਾ ਹੁੰਦੈ। ਜੇ ਮਾਡਲਾਂ ਦੇ ਜਿਸਮਾਂ 'ਤੇ ਕੱਪੜੇ ਹੀ ਨਹੀਂ ਹੋਣਗੇ ਤਾਂ ਫੈਸ਼ਨ-ਸ਼ੋਅ ਕਿਵੇਂ ਬਣੇਗਾ?*[੬]

ਫੈਸ਼ਨ-ਸ਼ੋਅ ਬਹਾਨੇ ਖੁਲ੍ਹ-ਮ-ਖੁਲ੍ਹੇ ਨੰਗੇਜ ਸ਼ੋਅ ਵਪਾਰਕ ਅਨੈਤਿਕਤਾ ਦੀ ਸਿਖਰ ਹਨ। ਇਸ ਵਿਸ਼ਵੀਕਰਨ ਨੇ ਅਯਾਸ਼ੀ, ਆਨੰਦ, ਅਸ਼ਲੀਲਤਾ ਅਤੇ ਲਚਰਤਾ ਨੂੰ ਹੀ ਜਿੰਦਗੀ ਦਾ ਧੁਰਾ ਬਣਾ ਦਿੱਤਾ ਹੈ। ਖੁਲ੍ਹ ਅਤੇ ਆਜਾਦੀ ਦੇ ਨਾਮ 'ਤੇ ਕਾਮ-ਖੁਲ੍ਹ ਆਮ ਵਰਤਾਰਾ ਬਣ ਗਿਆ ਹੈ। ਸਮਕਾਲੀ ਸੱਚ ਇਹ ਹੈ ਕਿ ਮਾਡਲਾਂ, ਫਿਲਮੀ ਐਕਟਰੈਸਾਂ ਅਤੇ ਰੌਕ-ਸਟਾਰਾਂ ਸੁੰਦਰਤਾ ਨਹੀਂ ਕਾਮੁਕਤਾ ਪੇਸ਼ ਕਰ ਰਹੀਆਂ ਹਨ। ਅਸ਼ਲੀਲਤਾ ਦਾ ਵਿਰੋਧ ਕਰਨ ਦੇ ਨਾਂ 'ਤੇ ਅਸ਼ਲੀਲਤਾ ਨੂੰ 'ਬੋਲਡਨੈੱਸ' ਕਹਿ ਕੇ ਵਡਿਆਇਆ ਜਾਂਦਾ ਹੈ, ਜੋ ਕਿ ਇਕ ਖਤਰਨਾਕ ਵਰਤਾਰਾ ਹੈ। ਇਸ ਬਾਰੇ ਕਹਾਣੀ ਦੀ ਪਾਤਰ ਜੈਨੀਫਰ ਦੇ ਵਿਚਾਰ ਵੇਖੇ ਜਾ ਸਕਦੇ ਹਨ।

''ਪਰ ਇਸ ਸਿਲਸਿਲੇ 'ਚ ਮਾਡਲਾਂ ਵੀ ਬਿਜ਼ਨਸ ਦੀਆਂ ਵਸਤਾਂ ਬਣ ਗਈਆਂ ਨੇ। ਮੇਰਾ ਕਿੰਤੂ ਬੋਲਡ ਸ਼ੈਲੀ 'ਤੇ ਨਹੀਂ, ਹੱਦਾ ਟੱਪ ਗਈ ਬੋਲਡਨੈੱਸ 'ਤੇ ਹੈ, ਅੱਜ ਦੀਆਂ ਬਹੁਤੀਆਂ ਮਾਡਲਾਂ ਮਾਨਵ ਨਹੀਂ ਸਿਰਫ਼ ਜਿਸਮ ਹਨ। ''[7]

ਆਪਣੇ ਜਿਸਮ ਦੀ ਵਰਤੋਂ ਕਰਕੇ ਔਰਤ ਜੋ ਕੁਝ ਮਰਜ਼ੀ ਪ੍ਰਾਪਤ ਕਰ ਸਕਦੀ ਹੈ। ਜਿਸਮ ਨੂੰ ਵਸਤ ਵਾਂਗ ਵਰਤਣ ਤੋਂ ਕੋਈ ਪ੍ਰਹੇਜ਼ ਨਹੀਂ, ਕੋਈ ਬੰਧਨ ਜਾਂ ਰੁਕਾਵਟ ਨਹੀਂ। ਫੈਸ਼ਨ-ਸ਼ੋਅ ਵਿਚ 'ਟਾਪ-ਮਾਡਲ' ਦਾ ਫੈਸਲਾ ਕਰਨ ਵਾਲੇ ਜੱਜ ਰੌਬਿਨ ਜਲਵੇਗਰ ਨਾਲ ਦੇਰੀ ਨਾਲ ਜਸ਼ਨ ਮਨਾ ਕੇ ਮਿਸ਼ੈਲ 'ਟਾਪ-ਮਾਡਲ' ਬਣਨ ਦਾ ਸੁਪਨਾ ਪੂਰਾ ਕਰ ਲੈਂਦੀ ਹੈ। ਜਿਸਮਾਂ ਦੀ ਨੁਮਾਇਸ਼ ਰੂਪੀ ਫੈਸ਼ਨ-ਸ਼ੋਅ ਦੀ ਇਸ ਮੰਡੀ ਵਿਚ ਕਲਾ ਅਤੇ ਸੁਹਜ ਉਪਰ ਜਿਸਮ ਦੀ ਤਪਸ਼ ਭਾਰੀ ਪੈ ਜਾਂਦੀ ਹੈ।

ਕਹਾਣੀ ਸੰਗ੍ਰਹਿ ਦੀ ਅਗਲੇਰੀ ਜ਼ਿਕਰਯੋਗ ਕਹਾਣੀ 'ਮੁਹਾਜ਼ 'ਹੈ। ਇਸ ਕਹਾਣੀ ਵਿਚ ਜਰਨੈਲ ਸਿੰਘ ਨੇ ਅਫਗਾਨਿਸਤਾਨ ਵਿਚ ਕੈਨੇਡੀਅਨ ਸੈਨਿਕ ਟੁਕੜੀਆਂ ਦੀ ਤਾਇਨਾਤੀ ਦੇ ਪ੍ਰਸੰਗ ਨਾਲ ਜੰਗ ਦੀ ਕਰੂਰਤਾ ਨੂੰ ਪੇਸ਼ ਕੀਤਾ ਹੈ। ਜੰਗ ਲੜ ਰਹੇ ਸੈਨਿਕਾਂ ਦੇ ਦੇਸ਼ ਭਾਵੇਂ ਵੱਖਰੇ-ਵੱਖਰੇ ਹੋਣ ਪਰ ਜੰਗ ਦੇ ਮਾਰੂ ਸਿੱਟਿਆਂ ਦਾ ਦੁਖਾਂਤ ਸਭ ਦਾ ਸਾਂਝਾ ਹੁੰਦਾ ਹੈ। ਕਹਾਣੀਕਾਰ ਨੇ ਦੋ ਜੀਵਨ ਪੱਧਰਾਂ ਦੇ ਸੰਦਰਭ ਨਾਲ ਮਨੁੱਖੀ ਦੁਖਾਂਤਾ ਅਤੇ ਮਾਨਵੀ ਰਿਸ਼ਤਿਆਂ ਦੀਆਂ ਵਿਭਿੰਨ ਪਰਤਾਂ ਨੂੰ ਖੋਲ੍ਹਣ ਦਾ ਯਤਨ ਕੀਤਾ ਹੈ।ਕੈਨੇਡੀਅਨ ਫੌਜ ਦੇ ਸਿਪਾਹੀ ਸਟੀਵ ਬਰਟਨ ਅਤੇ ਭਾਰਤੀ ਫੌਜ ਦੇ ਸਿਪਾਹੀ ਨਵਤੇਜ ਦੀ ਸ਼ਹੀਦੀ ਦਾ ਦੁਖਾਂਤ ਸਾਂਝਾ ਹੈ, ਕਿਉਂਕਿ ਪਿਛੋਂ ਦੋਵਾਂ ਦੇ ਪਰਿਵਾਰਾਂ ਉਪਰ ਇਕੋ ਜਿਹਾ ਕਹਿਰ ਟੁੱਟਦਾ ਹੈ।

ਜਰਨੈਲ ਸਿੰਘ ਕਹਾਣੀ ਵਿਚ ਜੰਗ ਬਾਰੇ ਕੁਝ ਬੁਨਿਆਦੀ ਸਵਾਲ ਖੜੇ ਕਰਦਾ ਹੈ। ਇਹ ਸਵਾਲ ਹਨ, 'ਜੰਗ ਦੇ ਕਾਰਨ ਕੀ ਹਨ?' 'ਅਤਿਵਾਦੀ ਕੌਣ ਹਨ'? 'ਕੀ ਜਰੂਰੀ ਹੈ ਹਥਿਆਰਾਂ ਦੀ ਜੰਗ ਜਾਂ ਵਿਚਾਰਾ ਦੀ ਜੰਗ?' 'ਜੰਗ ਦੀ ਉਚਿੱਤਤਾ ਕੀ ਹੈ ?' ਆਦਿ । ਇਹ ਸਵਾਲ ਖੜੇ ਕਰਕੇ ਕਹਾਣੀਕਾਰ ਦਾ ਮੰਤਵ ਸਮੁੱਚੀ ਦੁਨੀਆਂ ਨੂੰ ਇਹ ਸੋਚਣ ਲਈ ਮਜਬੂਰ ਕਰਨ ਦਾ ਹੈ ਕਿ ਸਿਰਫ਼ ਲੜਾਈ ਹੀ ਮਨੁੱਖਤਾ ਦੇ ਮਸਲਿਆਂ ਦਾ ਹੱਲ ਨਹੀਂ। ਦੂਜਿਆਂ ਦੇ ਜੀਵਨ-ਮੁੱਲਾਂ ਉਪਰ ਆਪਣੀ ਵਿਚਾਰਧਾਰਾ ਨੂੰ ਧੱਕੇ ਨਾਲ ਥੋਪਣਾ ਨਿਆਂਪੂਰਨ ਕਾਰਜ ਨਹੀਂ।

*'ਮੇਰੇ ਖਿਆਲ 'ਚ ਹਰ ਦੇਸ਼ ਕੌਮ ਦੇ ਆਪੋ-ਆਪਣੇਜੀਵਨ-ਮੁੱਲ ਹੁੰਦੇ ਹਨ। ਸਮੇਂ ਅਨੁਸਾਰ ਉਨ੍ਹਾਂ 'ਚ ਤਬਦੀਲੀਆਂ ਹੋਣੀਆਂ ਜਰੂਰੀ ਨੇ ਪਰ ਤਬਦੀਲੀਆਂ ਡਾਇਲਾਗ ਰਾਹੀਂ ਸਮਝਾਈਆਂ ਜਾਣੀਆਂ ਚਾਹੀਦੀਆਂ ਨੇ, ਨਾ ਕਿ ਹਥਿਆਰਾਂ ਰਾਹੀਂ।'*[8]

ਮਨੁੱਖੀ ਮਸਲਿਆਂ ਨੂੰ ਡਾਇਲਾਗ ਜਾਂ ਵਾਰਤਾ ਰਾਹੀਂ ਨਜਿੱਠ ਕੇ ਕੁਝ ਦੇਸ਼ਾਂ ਦੀਆਂ ਸਰਕਾਰਾਂ ਨੂੰ ਕੋਈ ਲਾਭ ਨਹੀਂ ਹੁੰਦਾ ।ਜੰਗ ਸ਼ੁਰੂ ਹੋਣ ਪਿੱਛੇ ਉਨ੍ਹਾਂ ਦੇ ਨਿੱਜੀ ਹਿੱਤ ਛੁਪੇ ਹੁੰਦੇ ਹਨ। ਆਪਣੇ ਇੰਨ੍ਹਾਂ ਹਿੱਤਾ ਦੀ ਪੂਰਤੀ ਲਈ ਉਹ ਦੋ ਦੇਸ਼ਾਂ ਵਿਚਕਾਰ ਕਦੇ ਵੀ ਸੁਲਾਹ ਨਹੀਂ ਹੋਣ ਦਿੰਦੇ ।ਜੰਗ ਸ਼ੁਰੂ ਹੋਣ ਦੀ ਸੂਰਤ ਵਿਚ ਉਹ ਆਪਣੇ ਨਵੀਨ ਅਤੇ ਵੱਡੇ-ਵੱਡੇ ਮਹਿੰਗੇ ਹਥਿਆਰ ਵੇਚਣ ਵਿਚ ਸਫਲ ਹੋ ਜਾਂਦੇ ਹਨ। ਹਥਿਆਰਾਂ ਦਾ ਬਿਜ਼ਨਿਸ ਕਰਨ ਵਾਲੇ ਇਹ ਲੋਕ ਮਨੁੱਖਤਾ ਦਾ ਘਾਣ ਕਰਨ ਵਾਲੇ ਤਾਲਿਬਾਨਾਂ ਜਿੰਨੇ ਹੀ ਖਤਰਨਾਕ ਹਨ।

*''ਇਸਦਾ ਮਤਲਬ ਡੈਡ ਨੂੰ ਮਾਰਨ ਵਾਲੇ 'ਕਲੇ ਤਾਲਿਬਾਨ ਨਹੀਂ, ਹਥਿਆਰਾਂ ਦੇ ਵਪਾਰੀ ਵੀ ਹਨ........ ਆਈ ਡੋਂਟ ਅੰਡਰ ਸਟੈਂਡ ਦਿਸ ਬੁਲਸ਼ਿਟ।''*[9]

*''ਇਕ ਵੱਡਾ ਦੇਸ਼ ਪਾਕਿਸਤਾਨ ਨੂੰ ਹਥਿਆਰ ਵੇਚੀ ਜਾਂਦੈ, ਦੂਜਾ ਵੱਡਾ ਦੇਸ਼ ਭਾਰਤ ਨੂੰ ।ਪਾਕਿਸਤਾਨ ਨਾਲ ਸਾਡੀ ਇਹ ਤੀਜੀ ਲੜਾਈ ਆ। ਦੋਨਾਂ ਦੇਸ਼ਾਂ ਦੇ ਹਜ਼ਾਰਾਂ ਫੌਜੀ ਮਰ ਚੁੱਕੇ ਆ।ਮਸਲਾ ਓਥੇ ਦਾ ਓਥੇ ਹੀ ਐ। ਹੋਰ ਪਤਾ ਨਹੀਂ ਅਜੇ ਕਿੰਨੀਆਂ ਲੜਾਈਆਂ ਹੋਣੀਆਂ ਨੇ ਤੇ ਕਿੰਨੇ ਫ਼ੌਜੀ ਮਰਨੇ ਹਨ।''*[10]

ਆਮ ਲੋਕ ਕਦੇ ਵੀ ਜੰਗ ਨਹੀਂ ਚਾਹੁੰਦੇ ।ਜੰਗ ਸ਼ੁਰੂ ਕਰਨੀ ਤਾਂ ਇਨ੍ਹਾਂ ਨੀਤੀਵਾਨਾਂ ਦੀਆਂ ਸ਼ਤਰੰਜ ਦੀਆਂ ਬਾਜ਼ੀਆਂ ਹਨ। ਜੇਕਰ ਅੱਜ ਤੱਕ ਹੋਈਆਂ ਲੜਾਈਆਂ ਦੀ ਨੈਤਿਕਤਾ ਦੇ ਆਧਾਰ 'ਤੇ ਉੱਚਿਤਤਾ ਦੀ ਕਸੌਟੀ ਪਰਖਣਾ ਹੋਵੇ ਤਾਂ ਕੋਈ ਇੱਕਾ-ਦੁੱਕਾ ਲੜਾਈ ਹੀ ਉੱਚਿਤਤਾ ਦੀ ਇਸ ਕਸੌਟੀ 'ਤੇ ਖਰੀ ਉਤਰੇਗੀ। ਦੂਜੇ ਪਾਸੇ ਇਹਨਾਂ ਜੰਗਾਂ-ਯੁਧਾਂ ਵਿਚ ਆਪਣੇ ਦੇਸ਼ ਲਈ ਮਰ ਮਿਟਣ ਵਾਲੇ ਸੈਨਿਕਾਂ ਬਾਬਤ ਇਹ ਜਰੂਰ ਕਿਹਾ ਜਾ ਸਕਦਾ ਹੈ ਕਿ ਜਿਹੜੀ ਜੰਗ ਉਹ ਲੜਦੇ ਹਨ, ਉਹ ਤਾਂ ਕਦੇ ਨਾ ਕਦੇ ਖਤਮ ਹੋ ਜਾਂਦੀ ਹੈ, ਪਰੰਤੂ ਉਹਨਾਂ ਦੀ ਮੌਤ ਤੋਂ ਬਾਅਦ ਪਰਿਵਾਰ ਨੂੰ ਜਿਹੜੀ ਜੰਗ ਲੜਨੀ ਪੈਂਦੀ ਹੈ, ਉਹ ਕਦੇ ਖਤਮ ਨਹੀਂ ਹੁੰਦੀ।

ਕਹਾਣੀ ਸੰਗ੍ਰਹਿ ਦੀ ਅੰਤਿਮ ਕਹਾਣੀ 'ਨਦੀਨ' ਹੈ। ਨਦੀਨ ਇਥੇ 'ਨਾਜਾਇਜ਼ ਔਲਾਦ' ਦਾ ਪ੍ਰਤੀਕ ਹੈ। ਘਾਹ ਵਿਚ ਪੈਦਾ ਹੋਇਆ ਨਦੀਨ ਪੁੱਟਿਆ ਜਾ ਸਕਦਾ ਹੈ, ਪਰ ਘਰ ਵਿਚ ਪੈਦਾ ਹੋਇਆ ਨਦੀਨ ਨਾਂ ਤਾਂ ਪੁੱਟਿਆ ਹੀ ਜਾ ਸਕਦਾ ਹੈ ਤੇ ਨਾਂ ਹੀ ਉਸਨੂੰ ਵਧਦਾ ਦੇਖਿਆ ਜਾ ਸਕਦਾ ਹੈ। ਮਾਨਸਿਕ ਪੱਟ ਤੇ ਉਸਰੀਆਂ ਦੁਬਿਧਾ ਦੀਆਂ ਇਹ ਸਥਿਤੀਆਂ ਮਨੁੱਖੀ ਰਿਸ਼ਤਿਆਂ ਦੀ ਜਟਿਲਤਾ ਨੂੰ ਹੋਰ ਗੁੰਲਝਦਾਰ ਬਣਾਉਂਦੀਆਂ ਹਨ। ਅਜੋਕੇ ਸਮਾਜਕ ਜੀਵਨ ਵਿਚ ਸਭ ਰਿਸ਼ਤੇ ਮਕਾਨਕੀ ਜਿਹੇ ਹੋ ਗਏ ਹਨ ਅਤੇ ਇਨ੍ਹਾਂ ਵਿਚਲਾ ਨਿੱਘ ਘਟਦਾ ਜਾ ਰਿਹਾ ਹੈ। ਅੱਜ ਦਾ ਮਨੁੱਖ ਇੰਨ੍ਹਾਂ ਪਦਾਰਥਵਾਦੀ ਹੋ ਗਿਆ ਹੈ ਕਿ ਉਸਨੂੰ ਪੈਸੇ ਤੋਂ ਬਿਨਾਂ ਹੋਰ ਕੁਝ ਵੀ ਨਜ਼ਰ ਨਹੀਂ ਆਉਂਦਾ। ਉਸਦੀ ਨਜ਼ਰ ਵਿਚ ਰਿਸ਼ਤਿਆਂ ਦੀ ਕੋਈ ਅਹਿਮੀਅਤ ਨਹੀਂ ਰਹੀ। ਅੱਜ ਦਾ ਮਨੁੱਖ ਮਨੁੱਖੀ ਤੇ ਨੈਤਿਕ ਕਦਰਾਂ-ਕੀਮਤਾਂ ਤੋਂ ਦੂਰ ਹੋ

ਗਿਆ ਹੈ। ਭਾਵ ਉਹ ਅਹਿਸਾਸਾਂ, ਪਿਆਰ, ਹਮਦਰਦੀ, ਦਇਆ, ਜਜ਼ਬਾਤਾਂ, ਭਾਵਨਾਵਾਂ, ਜ਼ਮੀਰ, ਗੈਰਤ, ਨੈਤਿਕਤਾ, ਨਿਮਰਤਾ ਅਤੇ ਸ਼ਹਿਣਸ਼ੀਲਤਾ ਆਦਿ ਸਭ ਤੋਂ ਸੱਖਣਾ ਹੋ ਗਿਆ ਹੈ।

ਇਹ ਕਹਾਣੀ ਪਰਵਾਸੀ ਪੰਜਾਬੀ ਜਗਤ ਵਿਚ ਰਿਸ਼ਤਿਆਂ ਦੀਆਂ ਬਦਲਦੀਆਂ ਸਮੀਕਰਨਾਂ ਨਾਲ ਜੁੜੀ ਹੋਈ ਹੈ। ਪਰਵਾਸ ਧਾਰਨ ਕਰਨ ਦੀ ਚਾਹਤ ਨੇ ਪੰਜਾਬੀਆਂ ਨੂੰ ਰਿਸ਼ਤਿਆਂ ਦੇ ਵਪਾਰੀ ਬਣਾ ਦਿੱਤਾ ਹੈ। ਵਿਦੇਸ਼ੀ ਧਰਤੀ 'ਤੇ ਜਾਣ ਲਈ ਜਿਸ ਵਿਅਕਤੀ ਦਾ ਜਿਥੇ ਦਾਅ ਲਗਦਾ ਹੈ ਉਥੇ ਹੀ ਦਾਅ ਲਾਉਣੋ ਗੁਰੇਜ਼ ਨਹੀਂ ਕਰਦਾ। ਅਜਿਹੇ ਸਮੇਂ ਉਹ ਪਵਿੱਤਰ ਰਿਸ਼ਤਿਆਂ ਦੀ ਵੀ ਪਰਵਾਹ ਨਹੀਂ ਕਰਦਾ ।ਵਾਸਤਵਿਕਤਾ ਤਾਂ ਇਹ ਹੈ ਕਿ ਰਿਸ਼ਤਿਆਂ ਦੀ ਸਰੰਚਨਾ ਉਪਰ ਪੂੰਜੀ ਭਾਰੂ ਹੋਣ ਕਰਕੇ ਇਸ ਸਰੰਚਨਾ ਦਾ ਭੰਜਨ ਹੋ ਚੁੱਕਾ ਹੈ। ਪੈਸੇ ਦੀ ਚਮਕ ਨੇ ਮਨੁੱਖ ਦਾ ਦਰਜਾ ਨਿਮਨ ਕਰ ਦਿੱਤਾ ਹੈ। ਸਿੱਟਾ ਰਿਸ਼ਤਿਆਂ ਦੀ ਪਵਿੱਤਰਤਾ ਤੇਜ਼ੀ ਨਾਲਖੁਰਦੀ ਜਾਂਦੀ ਹੈ।

ਕਹਾਣੀ ਵਿਚ ਹਰਜਾਪ ਦੇ ਜ਼ਰੀਏ ਨੀਤੂ ਕੈਨੇਡਾ ਆਉਂਦੀ ਹੈ। ਜਦੋਂ ਤੱਕ ਉਹ ਕੈਨੇਡਾ ਪੱਕੀ ਨਹੀਂ ਹੁੰਦੀ ਸਾਊ ਬਣ ਕੇ ਰਹਿੰਦੀ ਹੈ। ਪਰੰਤੂ ਪੱਕੀ ਹੁੰਦਿਆਂ ਹੀ ਉਸਦੇ ਤੌਰ ਤਰੀਕੇ ਬਦਲ ਜਾਂਦੇ ਹਨ। ਉਹ ਜੈਦੇਵ ਨਾਂ ਦੇ ਬਦਨਾਮ ਜਿਹੇ ਬੰਦੇ ਨਾਲ ਮਿਲ ਕੇ ਆਪਣੇ ਪਰਿਵਾਰ ਨੂੰ ਕੈਨੇਡਾ ਲਿਆਉਣ ਦੀਆਂ ਗੋਦਾਂ-ਗੁੰਦਣੀਆਂ ਸ਼ੁਰੂ ਕਰ ਦਿੰਦੀ ਹੈ। ਉਸ ਦੀ ਇਹ ਸਾਰੀ ਗੇਮ ਵਿਚ ਉਸਦਾ ਬਾਪ ਵੀ ਸ਼ਾਮਲ ਹੁੰਦਾ ਹੈ। ਪਰ ਜਲਦੀ ਹੀ ਉਨ੍ਹਾਂ ਦੀ ਪੋਲ ਖੁਲ੍ਹ ਜਾਂਦੀ ਹੈ। ਨੀਤੂ ਨੂੰ ਦਬਾਅ ਹੇਠ ਆ ਕੇ ਹਰਜਾਪ ਨਾਲ ਵਿਆਹ ਕਰਵਾਉਣਾ ਪੈਂਦਾ ਹੈ ਅਤੇ ਹਰਜਾਪ ਨੂੰ ਕੈਨੇਡਾ ਵੀ ਲਿਆਉਣਾ ਪੈਂਦਾ ਹੈ। ਕੈਨੇਡਾ ਆ ਕੇ ਹਰਜਾਪ ਆਪਣੇ ਪਰਿਵਾਰ ਨੂੰ ਵਧੀਆਂ ਢੰਗ ਨਾਲ ਸਥਾਪਤ ਕਰ ਲੈਂਦਾ ਹੈ। ਉਸਦਾ ਚਾਚਾ ਇਸ ਗਲੋਂ ਖੁਸ਼ ਹੁੰਦਾ ਹੈ।

*''ਲੈ ਬਈ ਭਤੀਜ! ਆਪਾਂ ਤੇਰੀਆਂ ਜੜ੍ਹਾ ਕਨੇਡਾ 'ਚ ਲਾ ਦਿੱਤੀਆਂ, ਹੁਣ ਵੱਧਣਾ ਫੁੱਲਣਾ ਤੇਰੀ ਹਿੰਮਤ।''*[11]

ਪਰ ਹਰਜਾਪ ਦੀਆਂ ਜੜ੍ਹਾਂ ਨੂੰ ਨੀਤੂ ਕਿਸੇ ਬਿਮਾਰੀ ਵਾਂਗ ਖੋਖਲਾ ਕਰ ਦਿੰਦੀ ਹੈ। ਉਹ ਜੈਦੇਵ ਨਾਲ ਮੁੜ ਸਬੰਧ ਸਥਾਪਤ ਕਰ ਲੈਂਦੀ ਹੈ। ਉਸਦੇ ਗਰਭਵਤੀ ਹੋਣ ਦੀ ਸੂਰਤ ਵਿਚ ਹਰਜਾਪ ਸਾਰੀ ਸਥਿਤੀ ਤੋਂ ਜਾਣੂ ਹੋ ਜਾਂਦਾ ਹੈ। ਉਸ ਦੇ ਘਰ ਪੁੱਤਰ ਪੈਦਾ ਹੁੰਦਾ ਹੈ। ਇਹ ਪੁੱਤਰ ਉਸਦਾ ਆਪਣਾ ਹੈ ਜਾਂ ਕਿਸੇ ਗੈਰ ਦਾ, ਦੀ ਦੁਬਿਧਾ 'ਚ ਘਿਰਿਆ ਹਰਜਾਪ ਬੱਚੇ ਦਾ ਡੀ.ਐਨ.ਏ. ਟੈਸਟ ਕਰਵਾਉਣ ਲਈ ਤਿਆਰ ਹੋ ਜਾਂਦਾ ਹੈ। ਉਸਨੂੰ ਇਹ ਬੱਚਾ ਆਪਣੀ ਪਰਿਵਾਰ ਰੂਪੀ ਫਸਲ ਵਿਚ ਪੈਦਾ ਹੋਇਆ 'ਨਦੀਨ' ਜਾਪਦਾ ਹੈ।

ਇਹ ਸਭ ਵੇਖਕੇ ਲਗਦਾ ਹੈ ਕਿ ਰਿਸ਼ਤਿਆਂ ਵਿਚਲੀ ਮਹਿਕ ਅਤੇ ਪਵਿੱਤਰਤਾ ਬਿਲਕੁਲ ਖਤਮ ਹੋ ਗਈ ਹੈ। ਇਹ ਪੂੰਜੀਵਾਦੀ ਯਥਾਰਥ ਹੇ ਜੋ ਵਿਆਹ ਅਤੇ ਨਾਤਾਦਾਰੀ ਦੇ ਸਮਾਜਕ ਨੇਮਾ ਨੂੰ ਢਹਿ-ਢੇਰੀ ਕਰ ਰਿਹਾ ਹੈ। ਪੂੰਜੀਵਾਦ ਅਜਿਹੇ ਮਨੁੱਖ ਦੀ ਸਿਰਜਣਾ ਕਰ ਰਿਹਾ ਹੈ ਜੋ ਸਿਹਤਮੰਦ ਮੁੱਲਾਂ-ਪ੍ਰਤਿਮਾਨਾ ਨੂੰ ਗੁਲਾਮੀ ਦਾ ਚਿੰਨ੍ਹ ਗਰਦਾਨਦਾ ਹੈ।

ਜਰਨੈਲ ਸਿੰਘ ਦੀਆਂ ਕਹਾਣੀਆਂ ਬਾਰੇ ਉਪਰੋਕਤ ਚਰਚਾ ਤੋਂ ਬਾਅਦ ਕਿਹਾ ਜਾ ਸਕਦਾ ਹੈ ਕਿ ਜਰਨੈਲ ਸਿੰਘ ਪਰਵਾਸੀ ਪੰਜਾਬੀ ਕਹਾਣੀਧਾਰਾ ਨੂੰ ਨਵੇਂ ਆਯਾਮਾਂ ਨਾਲ ਜੋੜਦਾ ਹੈ। ਇਹ ਕਹਾਣੀਆ ਆਪਣੇ ਅੰਦਰ ਵਿਵਿਧ ਸਰੋਕਾਰਾਂ ਨੂੰ ਸਮੋਈ ਬੈਠੀਆਂ ਹਨ। ਜਰਨੈਲ ਸਿੰਘ ਕਹਾਣੀ ਵਿਚਲੀ ਵਸਤੂ ਤੇ ਘਟਨਾਵਾਂ ਨੂੰ ਨਵੇਂ ਜਾਵੀਏ ਤੋਂ ਪੇਸ਼ ਕਰਦਾ ਹੈ। ਉਸ ਦੀਆਂ ਕਹਾਣੀਆਂ ਮਨੁੱਖ ਦੇ ਹੋਂਦ ਮੂਲਕ ਅਸਤਿਤਵੀ ਸਰੋਕਾਰਾਂ ਨਾਲ ਜੁੜੀਆਂ ਹੋਈਆਂ ਹਨ। ਉਹ ਕਹਾਣੀਆਂ ਦੇ ਸਤਹੀ ਬਿਰਤਾਂਤ ਵਿਚ ਵਿਸ਼ੇਸ਼ ਵਿਅਕਤੀ ਦੀ ਦੁਖਾਂਤਕ ਸਥਿਤੀ ਨੂੰ ਬਿਆਨ ਕਰਦਾ ਹੈ, ਪਰ ਗਹਿਨ ਬਿਰਤਾਂਤ ਪੱਧਰ ਉਤੇ ਜਾ ਕੇ ਇਹ ਵਿਅਕਤੀ ਮਨੁੱਖੀ ਸਮਾਜ ਦੇ ਸਰਬ ਸਾਂਝੇ ਦੁਖਾਂਤ ਤੱਕ ਵਿਗਸਦਾ ਜਾਂਦਾ ਹੈ। ਉਹ ਆਪਣੀ ਗਲ ਸੰਕੇਤਾਂ ਦੇ ਮਾਧਿਅਮ ਰਾਹੀਂ ਕਰਦਾ ਹੈ। ਪਰ ਫਿਰ ਵੀ ਉਹ ਆਪਣੀ ਗੱਲ ਸਹਿਜ ਰੂਪ ਵਿਚ ਕਰ ਜਾਂਦਾ ਹੈ। ਉਪਰੋਕਤ ਸਾਰੇ ਪੱਖ ਪਰਵਾਸੀ ਪੰਜਾਬੀ ਕਹਾਣੀ ਵਿਚ ਉਸਦਾ ਵਿਲੱਖਣ ਸਥਾਨ ਨਿਸ਼ਚਿਤ ਕਰਦੇ ਹਨ।

**ਹਵਾਲੇ ਅਤੇ ਟਿੱਪਣੀਆਂ:-**


1. ਜਰਨੈਲ ਸਿੰਘ, **ਕਾਲ਼ੇ ਵਰਕੇ**, ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ, 2015, ਪੰਨਾ 28.
2. ਉਹੀ, ਪੰਨਾ 34
3. ਉਹੀ, ਪੰਨਾ 47
4. ਉਹੀ, ਪੰਨਾ 57
5. ਉਹੀ, ਪੰਨਾ 61
6. ਉਹੀ, ਪੰਨਾ 61
7. ਉਹੀ, ਪੰਨਾ 68
8. ਉਹੀ, ਪੰਨਾ 89-90
9. ਉਹੀ, ਪੰਨਾ 101
10. ਉਹੀ, ਪੰਨਾ 101
11. ਉਹੀ, ਪੰਨਾ 12